CALFRESH ਪ੍ਰਾਪਤ ਕਰਨ ਵਾਲਿਆਂ ਲਈ ਨੋਟਿਸ
ਮਹੱਤਵਪੂਰਨ – ਕਿਰਪਾ ਕਰਕੇ ਪੜ੍ਹੋ

1 ਜੁਲਾਈ 2014 ਤੋਂ ਰਾਜ ਦਾ ਕਾਨੂੰਨ ਬਦਲ ਚੁੱਕਾ ਹੈ। ਸ਼ਾਇਦ ਕੁਝ ਪਰਿਵਾਰਾਂ ਨੂੰ ਸਟੇਟ ਯੂਟਿਲਿਟੀ ਅਸਿਸਟੈਂਸ ਸਬਸਿਡੀ (SUAS) ਬੈਨਿਫਿਟ ਮਿਲ ਸਕੇਗਾ। ਇਹ ਬੈਨਿਫਿਟ ਪ੍ਰਮਾਣੀਕਰਨ ਮਿਆਦ ਵਿੱਚ ਸਿਰਫ ਇੱਕ ਵਾਰੀ ਦਿੱਤਾ ਜਾਂਦਾ ਹੈ। ਇਹ ਸਿਰਫ *ਕੁਝ ਖਾਸ* CalFresh ਪਰਿਵਾਰਾਂ ਲਈ ਹੈ। ਜਿਨ੍ਹਾਂ ਪਰਿਵਾਰਾਂ ਨੂੰ ਇਹ ਬੈਨਿਫਿਟ ਮਿਲੇਗਾ ਉਹ ਹਨ:

- ਜਿਨ੍ਹਾਂ ਦੇ ਯੂਟਿਲਿਟੀ (ਉਪਯੋਗਤਾ) ਬਿਲ ਕਿਰਾਏ/ਮੌਰਗੇਜ਼ ਤੋਂ ਵੱਖਰੇ ਨਹੀਂ ਹਨ,
- ਜਿਨ੍ਹਾਂ ਨੂੰ ਪਹਿਲਾਂ ਤੋਂ ਹੀ ਆਪਣੇ ਪਰਿਵਾਰ ਦੇ ਆਕਾਰ ਲਈ ਵੱਧ ਤੋਂ ਵੱਧ CalFresh ਬੈਨਿਫਿਟ ਨਹੀਂ ਮਿਲ ਰਿਹਾ ਹੈ,
- ਜਿਨ੍ਹਾਂ ਨੂੰ ਸ਼ਰਨ ਲਈ ਵੱਧ ਤੋਂ ਵੱਧ ਕਟੌਤੀ ਨਹੀਂ ਮਿਲ ਰਹੀ ਹੈ; ਜਾਂ,
- ਜਿਨ੍ਹਾਂ ਨੂੰ ਪਹਿਲਾਂ ਹੀ ਹੋਮਲੈਸ ਸ਼ੈਲਟਰ ਡਿਡਕਸ਼ਨ ਕਾਰਨ ਵਧਿਆ ਹੋਇਆ ਬੈਨਿਫਿਟ ਨਹੀਂ ਮਿਲ ਰਿਹਾ ਹੈ।

ਤੁਹਾਡਾ ਪਰਿਵਾਰ SUAS ਲਈ ਯੋਗਤਾ ਪੂਰੀ ਕਰਦਾ ਹੈ। ਤੁਹਾਡੇ ਨਗਦੀ ਇਲੈਕਟ੍ਰੋਨਿਕ ਬੈਨਿਫਿਟ ਟ੍ਰਾਂਸੈਕਸ਼ਨ (EBT) ਖਾਤੇ ਵਿੱਚ $20.01 ਦਾ ਸਲਾਨਾ ਭੁਗਤਾਨ ਜੋੜਿਆ ਜਾਵੇਗਾ। SUAS ਬੈਨਿਫਿਟ ($20.01) ਨੂੰ ਭੋਜਨ ਜਾਂ ਨਗਦੀ ਖਰੀਦਦਾਰੀਆਂ ਲਈ ਵਰਤਿਆ ਜਾ ਸਕਦਾ ਹੈ। ਜੇ ਤੁਹਾਡੇ ਕੋਲ ਇਸ ਵੇਲੇ ਨਗਦੀ EBT ਖਾਤਾ ਨਹੀਂ ਹੈ, ਤਾਂ ਤੁਹਾਡੇ ਲਈ ਇਕ ਖਾਤਾ ਕਾਇਮ ਕਰ ਦਿੱਤਾ ਗਿਆ ਹੈ। ਇਸ ਭੁਗਤਾਨ ਨਾਲ ਕਾਉਂਟੀ, ਉਚਤਮ ਉਪਯੋਗਤਾ ਕਟੌਤੀ (ਸਟੈਂਡਰਡ ਯੂਟਿਲਿਟੀ ਅਲਾਉਂਸ - SUA) ਨੂੰ ਭੋਜਨ ਬੈਨਿਫਿਟਾਂ ਲਈ ਵਰਤ ਸਕਦੀ ਹੈ। ਤੁਹਾਡੇ ਅਗਲੇ ਪ੍ਰਮਾਣੀਕਰਨ 'ਤੇ, ਜੇ ਤੁਸੀਂ ਯੋਗ ਪਰਿਵਾਰ ਨਹੀਂ ਰਹਿੰਦੇ (ਉਪਰੋਕਤ ਜਾਣਕਾਰੀ ਮੁਤਾਬਕ), ਤਾਂ ਤੁਹਾਨੂੰ $20.01 SUAS ਬੈਨਿਫਿਟ ਨਹੀਂ ਮਿਲੇਗਾ। ਜੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ, ਤਾਂ ਆਪਣੇ ਵਰਕਰ ਨੂੰ ਕਾਲ ਕਰੋ।

ਘਰ ਵਿੱਚ ਆਪਣੀ ਊਰਜਾ ਬਚਤ ਵਿੱਚ ਵਾਧਾ ਕਰਨ ਲਈ ਇਹਨਾਂ ਸੁਝਾਵਾਂ ਦੀ ਪਾਲਣਾ ਕਰੋ:

- ਖਿੜਕੀਆਂ ਅਤੇ ਦਰਵਾਜ਼ਿਆਂ ਦੇ ਆਲੇ-ਦੁਆਲੇ ਵੈਦਰ-ਸਟ੍ਰਿਪ ਲਗਾਓ
- ਆਪਣੇ ਪਾਣੀ ਦੇ ਹੀਟਰ ਨੂੰ ਇਨਸੁਲੇਸ਼ਨ ਨਾਲ ਲਪੇਟੋ ਜਾਂ ਇਨਸੁਲੇਟਿੰਗ ਬਲੈਂਕਟ ਇਨਸਟਾਲ ਕਰੋ
- ਜੇ ਤੁਹਾਡੇ ਕੋਲ ਡਿਸ਼ਵਾਸ਼ਰ ਹੈ ਤਾਂ ਵਾਟਰ ਹੀਟਰ ਥਰਮੋਸਟੇਟ ਨੂੰ 140 ਡਿਗਰੀ ਜਾਂ "normal" (ਸਧਾਰਨ) 'ਤੇ ਸੈੱਟ ਕਰੋ। ਨਹੀਂ ਤਾਂ, ਇਸ ਨੂੰ 120 ਡਿਗਰੀ ਜਾਂ "ਘੱਟ" 'ਤੇ ਸੈੱਟ ਕਰੋ। ਇਹ ਦੇਖਣ ਲਈ ਆਪਣੇ ਡਿਸ਼ਵਾਸ਼ਰ ਦੀ ਪੜਤਾਲ ਕਰੋ ਕਿ ਕੀ ਤੁਸੀਂ 120 ਡਿਗਰੀ ਪਾਣੀ ਦੀ ਵਰਤੋਂ ਕਰ ਸਕਦੇ ਹੋ।
- ਆਮ ਬਲਬਾਂ ਨੂੰ ਕਮਪੈਕਟ ਫਲੋਰੋਸੈਂਟ ਲੈਂਪਾਂ ਨਾਲ ਬਦਲੋ - ਉਹ 75% ਘੱਟ ਊਰਜਾ ਦੀ ਵਰਤੋਂ ਕਰਦੇ ਹਨ ਅਤੇ 10 ਗੁਣਾ ਜ਼ਿਆਦਾ ਚਲਦੇ ਹਨ
- ਆਪਣੇ ਫਰਨੇਸ ਅਤੇ ਏਅਰ-ਕੰਡੀਸ਼ਨਰ ਫਿਲਟਰਾਂ ਨੂੰ ਨਿਯਮਤ ਤੌਰ 'ਤੇ ਸਾਫ ਕਰੋ ਜਾਂ ਬਦਲੋ
- ਫਰਨੇਸ ਥਰਮੋਸਟੇਟ ਨੂੰ 68 ਡਿਗਰੀ ਜਾਂ ਇਸ ਤੋਂ ਘੱਟ 'ਤੇ, ਅਤੇ ਏਅਰ-ਕੰਡੀਸ਼ਨਰ ਥਰਮੋਸਟੇਟ ਨੂੰ 78 ਡਿਗਰੀ ਜਾਂ ਵੱਧ 'ਤੇ ਸੈੱਟ ਕਰੋ, ਜੇ ਸਿਹਤ ਇਸਦੀ ਇਜਾਜ਼ਤ ਦਿੰਦੀ ਹੈ। ਫਰਨੇਸ ਨੂੰ 68 ਡਿਗਰੀ ਤੋਂ ਵੱਧ ਸੈੱਟ ਕਰਨ 'ਤੇ ਹਰੇਕ ਡਿਗਰੀ ਲਈ ਅਤੇ ਏਅਰ ਕੰਡੀਸ਼ਨਰ ਨੂੰ 78 ਡਿਗਰੀ ਤੋਂ ਘੱਟ 'ਤੇ ਸੈੱਟ ਕਰਨ ਨਾਲ ਹਰੇਕ ਡਿਗਰੀ ਲਈ 3 ਫੀਸਦੀ ਤੋਂ ਲੈ ਕੇ 5 ਫੀਸਦੀ ਤਕ ਵੱਧ ਊਰਜਾ ਦੀ ਵਰਤੋਂ ਹੁੰਦੀ ਹੈ।
- ਰਿਸਦੀਆਂ ਪਾਣੀ ਦੀਆਂ ਪਾਈਪਾਂ ਅਤੇ ਚੋ ਰਹੀਆਂ ਟੂਟੀਆਂ ਦੀ ਮੁਰੰਮਤ ਕਰੋ
- ਗਰਮੀਆਂ ਦੀ ਰੌਸ਼ਨੀ ਨੂੰ ਰੋਕਣ ਲਈ ਦੱਖਣ ਅਤੇ/ਜਾਂ ਪੱਛਮ ਵਾਲੇ ਪਾਸੇ ਦੀਆਂ ਖਿੜਕੀਆਂ 'ਤੇ ਲੱਗੇ ਸ਼ੇਡਜ਼ (ਪਰਦੇ ਆਦਿ) ਨੂੰ ਬੰਦ ਕਰ ਦਿਓ। ਸਰਦੀਆਂ ਵਿੱਚ, ਕਮਰਿਆਂ ਨੂੰ ਨਿੱਘੇ ਰੱਖਣ ਵਿੱਚ ਮਦਦ ਲਈ ਸ਼ੇਡਸ ਨੂੰ ਖੋਲ੍ਹ ਦਿਓ।
- ਖਾਣਾ ਪਕਾਉਣ ਤੋਂ ਪਹਿਲਾਂ ਰੈਫਰੀਜੇਰੇਟਰ ਵਿਚਲੇ ਜੰਮੇ ਹੋਏ ਭੋਜਨ ਨੂੰ ਡਿਫ੍ਰੋਸਟ ਕਰੋ
- ਖਾਣਾ ਪਕਾਉਂਦੇ ਜਾਂ ਬੇਕ ਕਰਦੇ ਸਮੇਂ ਦਰਵਾਜ਼ੇ ਨੂੰ ਖੋਲ੍ਹਣ ਦੀ ਬਜਾਏ ਤਰੱਕੀ ਦੇਖਣ ਲਈ ਓਵਨ ਲਾਈਟ ਦੀ ਵਰਤੋਂ ਕਰੋ
- ਰੈਫਰੀਜੇਰੇਟਰ ਦੇ ਤਾਪਮਾਨ ਨੂੰ 36° ਤੋਂ 39° F 'ਤੇ ਅਤੇ ਫਰੀਜ਼ਰ ਨੂੰ 0° ਤੋਂ 5° F 'ਤੇ ਸੈੱਟ ਕਰੋ।
- ਜਦੋਂ ਵਰਤੋਂ ਵਿੱਚ ਨਾ ਹੋਣ ਤਾਂ ਲਾਈਟਾਂ, ਟੈਲੀਵੀਜ਼ਨਾਂ ਅਤੇ ਦੂਜੇ ਉਪਕਰਨਾਂ ਬੰਦ ਕਰ ਦਿਓ
- ਕੰਪਿਊਟਰ ਜਾਂ ਹੋਰਨਾਂ ਉਪਕਰਨਾਂ ਦੇ ਪਲੱਗ ਲਾਹ ਦਿਓ ਜੋ ਬੰਦ ਹੋਣ 'ਤੇ ਵੀ ਚਲਦੇ ਹੋ ਸਕਦੇ ਹਨ